# ਵਰਲਡ ਪੰਜਾਬੀ ਟਾਈਮਜ਼
# WORLD PUNJABI TIMES
A Punjabi News Protal & Epaper From Winnipeg, Canada
Visit us at : www.worldpunjabitimes.com
Mob: 7973333573, +1 (418) 887-0162

Epaper World Punjabi Times    19 ਜੂਨ 2025 ਦਿਨ ਵੀਰਵਾਰ    ਈ-ਪੇਪਰ ਵਰਲਡ ਪੰਜਾਬੀ ਟਾਈਮਜ਼

## ਵੈਨਕੂਵਰ 'ਚ ਏਅਰ ਇੰਡੀਆ ਬੰਬ ਧਮਾਕੇ ਦੇ ਪੀੜਤਾਂ ਦੀ ਯਾਦ ਵਿਚ ਸਮਾਰੋਹ 23 ਜੂਨ ਨੂੰ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ




ਸਰੀ, 19 ਜੂਨ : ਏਅਰ ਇੰਡੀਆ ਅੱਤਵਾਦੀ ਬੰਬ ਧਮਾਕਿਆਂ ਦੇ 331 ਪੀੜਤਾਂ ਲਈ 40ਵਾਂ ਸਾਲਾਨਾ ਸਮਾਗਮ 23 ਜੂਨ 2025 (ਸੋਮਵਾਰ) ਨੂੰ ਸ਼ਾਮ 6:30 ਵਜੇ, ਸਟੈਨਲੀ ਪਾਰਕ ਦੇ ਸੇਪਰਲੇ ਪਲੇਗ੍ਰਾਊਂਡ ਖੇਤਰ, ਵੈਨਕੂਵਰ ਵਿੱਚ ਹੋਵੇਗਾ। ਇਹ ਜਾਣਕਾਰੀ ਦਿੰਦਿਆਂ ਸਰੀ-ਟਾਈਨਹੈੱਡ ਦੇ ਸਾਬਕਾ ਵਿਧਾਇਕ ਡੇਵ ਐਸ. ਹੇਅਰ ਨੇ ਕਿਹਾ ਹੈ ਕਿ ਇਹ ਯਾਦਗਾਰ ਨਾ ਸਿਰਫ਼ ਕੈਨੇਡਾ ਤੋਂ ਏਅਰ ਇੰਡੀਆ ਦੀ ਇੱਕ ਉਡਾਣ 'ਤੇ ਹੋਏ ਭਿਆਨਕ ਅੱਤਵਾਦੀ ਬੰਬ ਧਮਾਕੇ ਦੇ 329 ਪੀੜਤਾਂ, ਜਿਨ੍ਹਾਂ ਵਿੱਚ 82 ਬੱਚੇ ਵੀ ਸ਼ਾਮਲ ਸਨ, ਨੂੰ ਯਾਦ ਕਰੇਗੀ, ਸਗੋਂ ਉਨ੍ਹਾਂ ਦੇ ਸਾਰੇ ਪਰਿਵਾਰਕ ਮੈਂਬਰਾਂ ਨੂੰ ਵੀ ਯਾਦ ਕਰੇਗੀ ਅਤੇ ਇਹ ਜਾਪਾਨ ਦੇ ਨਾਰੀਤਾ ਵਿੱਚ ਦੋ ਸਾਮਾਨ ਸੰਭਾਲਣ ਵਾਲਿਆਂ ਦੀ ਯਾਦ ਦਿਵਾਏਗੀ ਜੋ ਉਸ ਸਮੇਂ ਮਾਰੇ ਗਏ ਸਨ ਜਦੋਂ ਇੱਕ ਹੋਰ ਏਅਰ ਇੰਡੀਆ ਦੀ ਦੂਜੀ ਉਡਾਣ ਲਈ ਜਾ ਰਿਹਾ ਬੀਸੀ-ਬੰਬ ਹਵਾਈ ਅੱਡੇ 'ਤੇ ਸਮੇਂ ਤੋਂ ਪਹਿਲਾਂ ਫਟ ਗਿਆ ਸੀ। ਦੁੱਖ ਦੀ ਗੱਲ ਹੈ ਕਿ ਸਿਰਫ਼ ਇੱਕ ਵਿਅਕਤੀ ਨੂੰ ਬੰਬ ਧਮਾਕੇ ਦਾ ਦੋਸ਼ੀ ਠਹਿਰਾਇਆ ਗਿਆ ਹੈ ਜਿਸ ਵਿੱਚ 331 ਨਾਗਰਿਕ ਮਾਰੇ ਗਏ ਸਨ, ਹਾਲਾਂਕਿ ਇਨ੍ਹਾਂ ਬੰਬਾਂ ਲਈ ਜ਼ਿੰਮੇਵਾਰ ਜਾਣੇ-ਪਛਾਣੇ ਅੱਤਵਾਦੀਆਂ ਨੂੰ ਬੰਬ ਧਮਾਕੇ ਤੋਂ ਪਹਿਲਾਂ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੁਆਰਾ ਦੇਖਿਆ ਅਤੇ ਟੇਪ-ਰਿਕਾਰਡ ਕੀਤਾ ਜਾ ਰਿਹਾ ਸੀ।

ਉਨ੍ਹਾਂ ਕਿਹਾ ਕਿ ਇਹ ਭਿਆਨਕ ਘਟਨਾ ਪੀੜਤਾਂ ਦੇ ਸਾਰੇ ਪਰਿਵਾਰਕ ਮੈਂਬਰਾਂ ਦੀਆਂ ਯਾਦਾਂ ਵਿੱਚ ਜਿਉਂਦੀ ਹੈ ਅਤੇ ਇਹ ਸਾਲਾਨਾ ਯਾਦਗਾਰੀ ਸਮਾਰੋਹ ਸਾਨੂੰ ਸਾਰਿਆਂ ਨੂੰ ਯਾਦ ਦਿਵਾਉਂਦੇ ਰਹਿੰਦੇ ਹਨ ਕਿ ਅੱਤਵਾਦ ਦੀ ਇੱਕ ਸੱਭਿਅਕ ਦੁਨੀਆਂ ਵਿੱਚ ਕੋਈ ਥਾਂ ਨਹੀਂ ਹੈ ਅਤੇ ਇਸ ਨੂੰ ਹਰ ਕੀਮਤ 'ਤੇ ਖਤਮ ਕਰ ਦੇਣਾ ਚਾਹੀਦਾ ਹੈ।

ਸਾਰਿਆਂ ਨੂੰ ਸਮਾਰੋਹ ਵਿੱਚ ਸ਼ਾਮਲ ਹੋਣ ਲਈ ਸੱਦਾ ਹੈ। ਮੀਡੀਆ ਦੇ ਮੈਂਬਰਾਂ ਨੂੰ ਵੀ ਸੱਦਾ ਹੈ ਪਰ ਇਸ ਮੌਕੇ ਦੀ ਗੰਭੀਰਤਾ ਅਤੇ ਉਨ੍ਹਾਂ ਪਰਿਵਾਰਾਂ ਦੀ ਨਿੱਜਤਾ ਦਾ ਸਤਿਕਾਰ ਕੀਤਾ ਜਾਵੇ ਜੋ ਆਪਣੇ ਅਜ਼ੀਜ਼ਾਂ ਦੇ ਨੁਕਸਾਨ 'ਤੇ ਸੋਗ ਮਨਾਉਣ ਲਈ ਉੱਥੇ ਹੋਣਗੇ।

ਇਸ ਦੁਖਾਂਤ ਦੇ ਸਾਲਾਨਾ ਯਾਦਗਾਰੀ ਸਮਾਗਮ ਪੀੜਤਾਂ ਦੇ ਪਰਿਵਾਰਕ ਮੈਂਬਰਾਂ ਦੁਆਰਾ ਕਰਵਾਏ ਜਾਂਦੇ ਹਨ। ਸਮਾਰੋਹ ਬਾਰੇ ਵਧੇਰੇ ਜਾਣਕਾਰੀ ਲਈ ਮੇਜਰ ਸਿੱਧੂ ਨਾਲ ਫੋਨ ਨੰਬਰ 604-719-7897 'ਤੇ ਸੰਪਰਕ ਕੀਤਾ ਜਾ ਸਕਦਾ ਹੈ। ਮੇਜਰ ਸਿੱਧੂ ਦੀ ਭੈਣ ਸੁਖਵਿੰਦਰ ਉੱਪਲ, ਭਤੀਜਾ ਅਤੇ ਭਤੀਜੀ 23 ਜੂਨ, 1985 ਨੂੰ ਏਅਰ ਇੰਡੀਆ ਫਲਾਈਟ 182 ਵਿੱਚ ਮਾਰੇ ਗਏ ਸਨ।

ਜ਼ਿਕਰਯੋਗ ਹੈ ਕਿ ਕੈਨੇਡਾ ਦੇ ਇਤਿਹਾਸ ਵਿੱਚ ਸਭ ਤੋਂ ਭਿਆਨਕ ਹਵਾਬਾਜ਼ੀ ਦੁਖਾਂਤ ਦੀ ਯਾਦ ਵਿੱਚ ਅਤੇ ਅੱਤਵਾਦ ਵਿਰੁੱਧ ਸੇਪਰਲੇ ਪਾਰਕ ਵਿੱਚ ਬਣੇ ਏਅਰ ਇੰਡੀਆ ਮੈਮੋਰੀਅਲ ਸਮਾਰਕ ਦਾ ਉਦਘਾਟਨ 2007 ਵਿੱਚ ਕੀਤਾ ਗਿਆ ਸੀ।

## ਤਰਕਸ਼ੀਲ ਸੁਸਾਇਟੀ ਸਰੀ ਵੱਲੋਂ 27 ਜੁਲਾਈ ਨੂੰ ਕਰਵਾਇਆ ਜਾਵੇਗਾ ਤਰਕਸ਼ੀਲ ਮੇਲਾ

### ਨਵਲਪ੍ਰੀਤ ਰੰਗੀ ਦੀ ਡਾਕੂਮੈਂਟਰੀ 'ਕਾਲੇ ਪਾਣੀ ਦਾ ਮੋਰਚਾ' ਦੀ ਭਰਪੂਰ ਪ੍ਰਸ਼ੰਸਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ

ਸਰੀ, 19 ਜੂਨ : ਤਰਕਸ਼ੀਲ ਸੁਸਾਇਟੀ ਸਰੀ ਦੀ ਵਿਸ਼ੇਸ਼ ਮੀਟਿੰਗ ਵਿਚ ਨਵਲਪ੍ਰੀਤ ਰੰਗੀ ਦੁਆਰਾ ਬਣਾਈ ਗਈ ਡਾਕੂਮੈਂਟਰੀ 'ਕਾਲੇ ਪਾਣੀ ਦਾ ਮੋਰਚਾ' ਦਿਖਾਈ ਗਈ। ਤਰਕਸ਼ੀਲ ਸੁਸਾਇਟੀ ਦੇ ਮੈਂਬਰਾਂ ਸਮੇਤ ਵਿਸ਼ੇਸ਼ ਤੌਰ ਤੇ ਡਾਕੂਮੈਂਟਰੀ ਦੇਖਣ ਆਏ ਦਰਸ਼ਕਾਂ ਨੇ ਬਹੁਤ ਦਿਲਚਸਪੀ ਨਾਲ ਦੇਖੀ। ਇਸ ਡਾਕੂਮੈਂਟਰੀ ਵਿੱਚ ਇਸ ਨਾਲ਼ੇ ਦੇ ਗੰਦੇ ਪਾਣੀ ਨਾਲ ਹੋ ਰਹੇ ਲੋਕਾਂ ਦੇ ਜਾਨੀ ਅਤੇ ਮਾਲੀ ਨੁਕਸਾਨ ਬਾਰੇ ਜਾਣਕਾਰੀ ਦਿੱਤੀ ਗਈ ਹੈ ਜਿਸ ਦਾ ਖਮਿਆਜ਼ਾ ਨਾਲ਼ੇ ਦੇ 2 ਕਿਲੋਮੀਟਰ ਲੰਮੇ ਘੇਰੇ ਵਿੱਚ ਰਹਿ ਰਹੇ ਲੋਕ ਭੁਗਤ ਰਹੇ ਹਨ ਤੇ ਇਹ ਨੁਕਸਾਨ ਅੱਗੇ ਤੋਂ ਅੱਗੇ ਵਧ ਰਿਹਾ ਹੈ ਅਤੇ ਰਾਜਸਥਾਨ ਅਤੇ ਪਾਕਿਸਤਾਨ ਤੱਕ ਨੁਕਸਾਨ ਪਹੁੰਚਾ ਰਿਹਾ ਹੈ। ਇਸ ਦੀ ਰੋਕਥਾਮ ਬਹੁਤ ਜ਼ਰੂਰੀ ਹੈ।



ਡਾਕੂਮੈਂਟਰੀ ਬਣਾਉਣ ਲਈ ਨਵਲਪ੍ਰੀਤ ਰੰਗੀ ਦੀ ਭਰਪੂਰ ਪ੍ਰਸ਼ੰਸਾ ਕੀਤੀ ਗਈ। ਫਿਲਮ ਵੇਖਣ ਉਪਰੰਤ ਬਾਹਰੋਂ ਆਏ ਵਿਦਵਾਨਾਂ ਨੇ ਵੀ ਵਿਚਾਰ ਰੱਖੇ ਅਤੇ ਸਰਕਾਰਾਂ ਦੇ ਨਕਾਰਾਤਮਿਕ ਰਵੱਈਏ ਦੀ ਅਲੋਚਨਾ ਕੀਤੀ। ਮੰਗ ਕੀਤੀ ਗਈ ਕਿ ਸਰਕਾਰ ਤੁਰੰਤ ਇਸ ਨਾਲੇ ਦੀ ਸਫਾਈ ਕਰਵਾਉਣ ਵੱਲ ਧਿਆਨ ਦੇਵੇ ਸਾਰੇ ਹੀ ਅਦਾਰੇ ਆਪਣੇ ਆਪਣੇ ਯੂਨਿਟਾਂ ਨੂੰ ਪਾਣੀ ਸਾਫ ਕਰਨ ਵਾਲੇ ਪਲਾਂਟ 24 ਘੰਟੇ ਚੱਲਦੇ ਰੱਖਣ ਲਈ ਹੁਕਮ ਜਾਰੀ ਕਰਨ ਅਤੇ ਯਕੀਨੀ ਬਣਾਇਆ ਜਾਵੇ ਕਿ ਇਹ ਲਗਾਤਾਰ ਚਲਦੇ ਰਹਿਣ। ਫੇਰ ਹੀ ਸਾਫ ਪਾਣੀ ਧਰਤੀ ਵਿੱਚ ਰੀਚਾਰਜ ਲਈ ਭੇਜਿਆ ਜਾਵੇ। ਇਸ ਦੇ ਨਾਲ ਹੀ ਸਰਕਾਰ ਖ਼ੁਦ ਵੀ ਇਸ ਨਾਲ਼ੇ 'ਤੇ ਵਾਟਰ ਟਰੀਟਮੈਂਟ ਪਲਾਂਟ ਲਾ ਕੇ ਨਾਲ਼ੇ ਦਾ ਗੰਦਾ ਪਾਣੀ ਸਤਲੁਜ ਵਿੱਚ ਪਾਉਣ ਤੋਂ ਰੋਕੇ। ਸੁਸਾਇਟੀ ਨੇ ਲੋਕਾਂ ਦੀ ਇਸ ਹੱਕੀ ਮੰਗ ਦੀ ਪੂਰਨ ਹਮਾਇਤ ਕੀਤੀ ਹੈ।

ਮੀਡੀਆ ਸਕੱਤਰ ਨਿਰਮਲ ਕਿੰਗਰਾ ਨੇ ਦੱਸਿਆ ਕਿ ਪ੍ਰੋਗਰੈਸਿਵ ਕਲਚਰਲ ਸੈਟਰ ਸਰੀ ਵਿਖ਼ੇ ਹੋਈ ਸੁਸਾਇਟੀ ਦੇ ਜਨਰਲ ਮੈਂਬਰਾਂ ਦੀ ਮੀਟਿੰਗ ਦੀ ਪ੍ਰਧਾਨਗੀ ਸੋਸਾਇਟੀ ਦੇ ਪ੍ਰਧਾਨ ਜਸਵਿੰਦਰ ਹੇਅਰ ਨੇ ਕੀਤੀ। ਮੀਟਿੰਗ ਵਿੱਚ ਸੋਸਾਇਟੀ ਦੇ ਸਰਪ੍ਰਸਤ ਅਵਤਾਰ ਬਾਈ ਨੇ ਕੌਮੀ ਐਗਜ਼ੈਕਟਿਵ ਕਮੇਟੀ ਦੀ 27 ਮਈ 2025 ਵਾਲੀ ਮੀਟਿੰਗ ਦੀ ਪੂਰੀ ਰਿਪੋਰਟਿੰਗ ਕੀਤੀ ਅਤੇ 27 ਜੁਲਾਈ 2025 ਨੂੰ ਕਰਵਾਏ ਜਾ ਰਹੇ ਸਲਾਨਾ ਤਰਕਸ਼ੀਲ ਮੇਲੇ ਦੇ ਸਬੰਧ ਵਿੱਚ ਚਰਚਾ ਕੀਤੀ। ਇਹ ਮੇਲਾ ਸਰੀ ਆਰਟ ਸੈਟਰ 13750-88 ਐਵੀਨਿਊ ਸਰੀ ਵਿਖ਼ੇ ਹੋਵੇਗਾ। ਇਸ ਮੇਲੇ ਦੌਰਾਨ ਸੁਰਿੰਦਰ ਸ਼ਰਮਾ (ਲੋਕ ਕਲਾ ਮੰਚ ਮੰਡੀ ਮੁੱਲਾਂਪੁਰ) ਦੁਆਰਾ ਲਿਖਿਆ ਅਤੇ ਡਾਇਰੈਕਟ ਕੀਤਾ ਨਾਟਕ ਪੇਸ਼ ਕੀਤਾ ਜਾਵੇਗਾ। ਇਸ ਸਬੰਧ ਵਿੱਚ ਥੀਏਟਰ, ਟਿਕਟਾਂ ਸਮੇਤ ਸਾਰੀ ਤਿਆਰੀ ਕਰ ਲਈ ਗਈ ਹੈ। ਸੁਸਾਇਟੀ ਵੱਲੋਂ ਅਪੀਲ ਕੀਤੀ ਗਈ ਹੈ ਕਿ 27 ਜੁਲਾਈ (ਐਤਵਾਰ) ਦਾ ਦਿਨ ਮੇਲਾ ਦੇਖਣ ਲਈ ਰਾਖਵਾਂ ਕਰ ਲਿਆ ਜਾਵੇ। ਤਰਕਸ਼ੀਲ ਸੁਸਾਇਟੀ ਕੈਨੇਡਾ ਵੱਲੋਂ ਯੂ-ਟਿਊਬ ਚੈਨਲ ਚਲਾਉਣ ਦੀ ਜ਼ਿੰਮੇਵਾਰੀ ਸਰੀ ਅਤੇ ਐਬਸਫੋਰਡ ਦੇ ਯੂਨਿਟਾਂ ਦੀ ਹੋਣ ਕਰ ਕੇ ਇਸ 'ਤੇ ਵਿਚਾਰ ਕੀਤਾ ਗਿਆ ਹੈ। ਇਹ ਚੈਨਲ ਛੇਤੀ ਹੀ ਸ਼ੁਰੂ ਕਰ ਦਿੱਤਾ ਜਾਵੇਗਾ।
ਮਹਿੰਦਰ ਸੂਦ ਵਿਰਕ ਬਹੁਤ ਹੀ ਮਿਲਾਪੜਾ,ਮਿਹਨਤੀ ਤੇ ਮਿਲਣਸਾਰ ਹਸਮੁੱਖ ਸ਼ਾਇਰ ਹੈ ਜਿਸ ਨੂੰ ਹਰ ਕੋਈ ਪਿਆਰ ਕਰਦਾ ਹੈ। ਅਜਿਹੇ ਸ਼ਾਇਰ ਦੀਆਂ ਕਿਰਤਾਂ ਨੂੰ ਖੁਸ਼ ਆਮਦੀਦ ਕਹਿਣਾ ਤਾਂ ਬਣਦਾ ਹੈ । ਆਮੀਨ ।

## ਯੋਗਾ ਤੇ ਮਾਨਸਿਕ ਸਿਹਤ ਬਾਰੇ ਸੈਮੀਨਾਰ 21 ਜੂਨ ਨੂੰ

ਵਰਲਡ ਪੰਜਾਬੀ ਟਾਈਮਜ਼ ਗੁਰਨਾਮ ਸਿੰਘ



ਸੰਗਰੂਰ 19 ਜੂਨ : ਪੰਜਾਬੀ ਸਾਹਿਤ ਸਭਾ ਸੰਗਰੂਰ ਵੱਲੋਂ ਕੌਮਾਂਤਰੀ ਯੋਗਾ ਦਿਵਸ ਦੇ ਅਵਸਰ ਤੇ 21 ਜੂਨ ਦਿਨ ਸ਼ਨੀਵਾਰ ਨੂੰ 10.30 ਵਜੇ ਸਵੇਰੇ ਸੈਨਿਕ ਭਵਨ ਸੰਗਰੂਰ ਵਿਖੇ ਇੱਕ ਸੈਮੀਨਾਰ ਦਾ ਆਯੋਜਨ ਕੀਤਾ ਜਾ ਰਿਹਾ ਹੈ, ਜਿਸਦਾ ਵਿਸ਼ਾ "ਯੋਗਾ ਤੇ ਮਾਨਸਿਕ ਸਿਹਤ" ਹੋਵੇਗਾ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਡਾ. ਭਗਵੰਤ ਸਿੰਘ ਤੇ ਗੁਰਨਾਮ ਸਿੰਘ ਨੇ ਦੱਸਿਆ ਕਿ ਡਾ. ਤੇਜਵੰਤ ਮਾਨ ਸਾਹਿਤ ਰਤਨ ਦੇ ਆਸ਼ੀਰਵਾਦ ਨਾਲ ਜਗਦੀਪ ਸਿੰਘ ਗੰਧਾਰਾ ਐਡਵੋਕੇਟ ਦੀ ਪ੍ਰਧਾਨਗੀ ਹੇਠ ਹੋ ਰਹੇ ਸੈਮੀਨਾਰ ਦੇ ਮੁੱਖ ਵਕਤਾ ਡਾ. ਸਵਰਾਜ ਸਿੰਘ ਵਿਸ਼ਵ ਚਿੰਤਕ ਹੋਣਗੇ। ਪਵਨ ਹਰਚੰਦਪੁਰੀ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭ ਸੇਖੋਂ ਉਦਘਾਟਨ ਕਰਨਗੇ, ਮੁੱਖ ਮਹਿਮਾਨ ਡਾ. ਨਰਵਿੰਦਰ ਸਿੰਘ ਕੌਸ਼ਲ, ਵਿਸ਼ੇਸ਼ ਮਹਿਮਾਨ ਨਿਹਾਲ ਸਿੰਘ ਮਾਨ ਹੋਣਗੇ। ਕੈਪਟਨ ਹਰਕੇਸ਼ ਸਿੰਘ, ਕੈਪਟਨ ਮਹਿੰਦਰ ਸਿੰਘ, ਚਮਕੌਰ ਸਿੰਘ, ਡਾ. ਜਗਦੀਪ ਕੌਰ ਅਹੂਜਾ, ਅਮਰ ਗਰਗ ਕਲਮਦਾਨ, ਏ.ਪੀ. ਸਿੰਘ, ਡਾ. ਰਾਕੇਸ਼ ਸ਼ਰਮਾ, ਸੁਰਿੰਦਰ ਸ਼ਰਮਾ ਨਾਗਰਾ, ਧਰਮੀ ਤੁੰਗਾਂ, ਪਵਨ ਕੁਮਾਰ ਹੋਸੀ, ਅਵਿਨਾਸ਼ ਸ਼ਰਮਾ, ਆਦਿ ਅਨੇਕਾਂ ਚਿੰਤਕ ਚਰਚਾ ਵਿੱਚ ਭਾਗ ਲੈਣਗੇ। ਹਾਜਰ ਕਵੀ ਕਲਾਮ ਸੁਣਾਉਣਗੇ।

## ਫਿਰੌਤੀ ਲਈ ਧਮਕੀਆਂ ਤੇ ਗੋਲੀਬਾਰੀ ਦੀਆਂ ਘਟਨਾਵਾਂ ਸਬੰਧੀ ਸਰੀ ਵਿਚ ਜਨਤਕ ਇਕੱਠ

### ਬੀ.ਸੀ. ਦੇ ਮੰਤਰੀ ਅਤੇ ਪੁਲਿਸ ਅਧਿਕਾਰੀ ਵੱਲੋਂ ਕੋਈ ਵਿਸ਼ਵਾਸ ਨਾ ਦਿਵਾਉਣ ਕਾਰਨ ਕਾਰੋਬਾਰੀਆਂ 'ਚ ਨਿਰਾਸ਼ਾ

ਵਰਲਡ ਪੰਜਾਬੀ ਟਾਈਮਜ਼ ਹਰਦਮ ਮਾਨ



ਸਰੀ, 19 ਜੂਨ: ਸਰੀ ਦੇ ਕਾਰੋਬਾਰੀਆਂ ਨੂੰ ਨਿੱਤ ਦਿਨ ਮਿਲ ਰਹੀਆਂ ਫਿਰੌਤੀ ਦੀਆਂ ਧਮਕੀਆਂ ਅਤੇ ਸ਼ਹਿਰ ਵਿਚ ਦਿਨ ਦਿਹਾੜੇ ਹੋ ਰਹੀਆਂ ਗੋਲੀਬਾਰੀ ਦੀਆਂ ਘਟਨਾਵਾਂ ਤੋਂ ਪ੍ਰੇਸ਼ਾਨ ਕਾਰੋਬਾਰੀਆਂ ਵੱਲੋਂ ਰਿਫਲੈਕਸ਼ਨ ਬੈਂਕੁਇਟ ਹਾਲ ਸਰੀ ਵਿਖੇ ਜਨਤਕ ਇਕੱਠ ਕੀਤਾ ਗਿਆ ਜਿਸ ਵਿਚ ਬ੍ਰਿਟਿਸ਼ ਕੋਲੰਬੀਆ ਦੇ ਜਨਤਕ ਸੁਰੱਖਿਆ ਮੰਤਰੀ ਤੇ ਸੋਲਿਸਟਰ ਜਨਰਲ ਗੈਰੀ ਬੈੱਗ, ਸਰੀ ਪੁਲਿਸ ਮੁਖੀ ਲਪਿੰਸਕੀ ਅਤੇ ਆਰ ਸੀ ਐਮ ਪੀ ਦੀ ਸੀਨੀਅਰ ਅਧਿਕਾਰੀ ਮੈਂਡੀ ਨੇ ਕਾਰੋਬਾਰੀਆਂ ਦੇ ਦੁਖੜੇ ਸੁਣੇ ਪਰ ਉਨ੍ਹਾਂ ਵੱਲੋਂ ਇਹ ਘਟਨਾਵਾਂ ਰੋਕਣ ਲਈ ਕੋਈ ਵੀ ਠੋਸ ਕਦਮ ਚੁੱਕਣ ਦੀ ਗੱਲ ਕਹੀ ਅਤੇ ਨਾ ਹੀ ਸ਼ਹਿਰੀਆਂ ਨੂੰ ਕੋਈ ਵਿਸ਼ਵਾਸ ਦਿਵਾ ਸਕੇ ਜਿਸ ਕਾਰਨ ਸ਼ਹਿਰੀਆਂ ਨੂੰ ਨਿਰਾਸ਼ਾ ਹੀ ਮਿਲੀ। ਕਾਰੋਬਾਰੀਆਂ ਚ ਬਣੇ ਡਰ, ਸਹਿਮ ਤੇ ਅਸੁਰੱਖਿਆ ਦੇ ਮਾਹੌਲ ਬਾਰੇ ਸਰੀ ਪੁਲਿਸ ਚੀਫ ਲਪਿੰਸਕੀ ਅਤੇ ਆਰ ਸੀ ਐਮ ਪੀ ਅਧਿਕਾਰੀ ਵੈਂਡੀ ਦਾ ਇਕ ਹੀ ਜਵਾਬ ਸੀ ਕਿ ਪੁਲਿਸ ਫੋਰਸ ਆਪਣਾ ਕੰਮ ਕਰ ਰਹੀ ਹੈ ਪਰ ਉਸ ਦੇ ਨਤੀਜੇ ਕੀ ਹਨ, ਉਹ ਸਾਂਝੇ ਨਹੀਂ ਕੀਤੇ ਜਾ ਸਕਦੇ। ਅਟਾਰਨੀ ਜਨਰਲ ਗੈਰੀ ਬੈੱਗ ਵੀ ਲੋਕਾਂ ਦੀ ਉਮੀਦ 'ਤੇ ਖਰੇ ਨਾ ਉਤਰੇ। ਉਹਨਾਂ ਕੇਵਲ ਏਨਾ ਹੀ ਕਿਹਾ ਕਿ ਸਰਕਾਰ ਸੁਰੱਖਿਆ ਬਲਾਂ ਨੂੰ ਅਪਰਾਧ ਤੇ ਅਪਰਾਧੀਆਂ ਖਿਲਾਫ ਸਖਤ ਕਾਰਵਾਈ ਲਈ ਕਹਿ ਰਹੀ ਹੈ। ਸਥਾਨਕ ਪੁਲਿਸ ਫੋਰਸ ਅਤੇ ਆਰ ਸੀ ਐਮ ਪੀ ਵਿਚਾਲੇ ਤਾਲਮੇਲ ਵਧਾਇਆ ਜਾ ਰਿਹਾ ਹੈ। ਉਹਨਾਂ ਕਿਹਾ ਕਿ ਜਿੰਨੀ ਦੇਰ ਲੋਕ ਜਬਰੀ ਵਸੂਲੀ ਜਾਂ ਧਮਕੀਆਂ ਮਿਲਣ ਦੀ ਸੂਰਤ ਵਿਚ ਪੁਲਿਸ ਕੋਲ ਪਹੁੰਚ ਨਹੀਂ ਕਰਦੇ, ਕੁਝ ਨਹੀ ਕੀਤਾ ਜਾ ਸਕਦਾ। ਅਟਾਰਨੀ ਜਨਰਲ ਗੈਰੀ ਬੈੱਗ ਨੇ ਕਿਹਾ ਕਿ ਸਰੀ ਵਿਚ ਜੋ ਕੁਝ ਵੀ ਵਾਪਰ ਰਿਹਾ ਹੈ, ਬਹੁਤ ਡਰਾਉਣਾ ਹੈ। ਅਜਿਹੀ ਹਾਲਤ ਵਿਚ ਕੋਈ ਵੀ ਸੁਰੱਖਿਅਤ ਮਹਿਸੂਸ ਨਹੀ ਕਰ ਸਕਦਾ। ਉਹਨਾਂ ਕਿਹਾ ਕਿ ਸੰਗਠਿਤ ਅਪਰਾਧ ਬਹੁਤ ਗੁੰਝਲਦਾਰ ਹੈ। ਇਹ ਇੱਕ ਬਹੁ-ਅਧਿਕਾਰ ਖੇਤਰ ਦਾ ਮੁੱਦਾ ਹੈ ਜੋ ਸਿਰਫ਼ ਇੱਥੇ ਸਰੀ ਜਾਂ ਐਬਸਫੋਰਡ ਵਿੱਚ ਹੀ ਨਹੀਂ ਹੋ ਰਿਹਾ, ਸਗੋਂ ਪੂਰੇ ਦੇਸ਼ ਵਿੱਚ ਹੋ ਰਿਹਾ ਹੈ। ਬੀ.ਸੀ. ਸਰਕਾਰ ਇਹ ਯਕੀਨੀ ਬਣਾਉਣ ਲਈ ਕਾਰਵਾਈ ਕਰ ਰਹੀ ਹੈ ਕਿ ਬ੍ਰਿਟਿਸ਼ ਕੋਲੰਬੀਆ ਦੇ ਲੋਕ ਸੰਗਠਿਤ ਅਪਰਾਧ ਤੋਂ ਸੁਰੱਖਿਅਤ ਰਹਿਣ। ਸਰਕਾਰ ਵਲੋਂ ਅਪਰਾਧੀਆਂ ਅਤੇ ਗੈਰ-ਕਾਨੂੰਨੀ ਗਤੀਵਿਧੀਆਂ ਖਿਲਾਫ ਵਿਸ਼ੇਸ਼ ਕਾਰਵਾਈ ਅਤੇ ਖੁਫੀਆ ਪ੍ਰੋਗਰਾਮਾਂ ਲਈ ਸਾਲਾਨਾ 100 ਮਿਲੀਅਨ ਡਾਲਰ ਤੋਂ ਵੱਧ ਖਰਚ ਕੀਤਾ ਜਾਂਦਾ ਹੈ। ਰਾਸ਼ਟਰੀ ਪੱਧਰ 'ਤੇ, ਆਰਸੀਐਮਪੀ ਨੇ ਬੀ.ਸੀ. ਅਤੇ ਹੋਰ ਅਧਿਕਾਰ ਖੇਤਰਾਂ ਵਿੱਚ ਪੁਲਿਸ ਨਾਲ ਕੰਮ ਕਰਨ ਲਈ ਇੱਕ ਰਾਸ਼ਟਰੀ ਤਾਲਮੇਲ ਅਤੇ ਸਹਾਇਤਾ ਟੀਮ ਸਥਾਪਤ ਕੀਤੀ ਹੈ। ਪ੍ਰਭਾਵਿਤ ਲੋਕਾਂ ਨੂੰ ਜਦੋਂ ਵੀ ਧਮਕੀ ਜਾਂ ਫਿਰੌਤੀ ਲਈ ਕਾਲ ਆਉਂਦੀ ਹੈ ਤਾਂ ਉਹ ਤੁਰੰਤ ਪੁਲਿਸ ਨੂੰ ਰਿਪੋਰਟ ਕਰਨ।

ਸਰੀ ਪੁਲਿਸ ਚੀਫ ਲਿਪਿੰਸਕੀ ਨੇ ਕਿਹਾ ਕਿ ਜਦੋਂ ਕਿ ਸਰੀ ਪੁਲਿਸ ਸ਼ਹਿਰ ਵਿੱਚ ਅਧਿਕਾਰ ਖੇਤਰ ਦੀ ਪੁਲਿਸ ਏਜੰਸੀ ਹੈ ਪਰ ਅਸੀ ਇਹ ਵੀ ਜਾਣਦੇ ਹਾਂ, ਟਰਾਂਜੀਸ਼ਨ ਅਜੇ ਮੁਕੰਮਲ ਨਹੀ ਹੋਇਆ। ਇਸ ਲਈ ਅਸੀ ਆਰ ਸੀ ਐਮ ਪੀ ਦੇ ਪ੍ਰੋਵਿੰਸ਼ੀਅਲ ਓਪਰੇਸ਼ਨ ਸਪੋਰਟ ਯੂਨਿਟ ਨਾਲ ਬਹੁਤ ਨੇੜਿਓਂ ਕੰਮ ਕਰਨਾ ਜਾਰੀ ਰੱਖ ਰਹੇ ਹਾਂ ਅਤੇ ਮੈਂ ਇਸ ਮੁੱਦੇ ਬਾਰੇ ਹਫ਼ਤਾਵਾਰੀ ਆਧਾਰ 'ਤੇ ਚੀਫ਼ ਸੁਪਰਡੈਂਟ ਮੈਂਡੀ ਮਹਿਤ ਨਾਲ ਤਾਲਮੇਲ ਰੱਖ ਰਿਹਾ ਹਾਂ। ਇਸ ਜਨਤਕ ਇਕੱਠ ਦੇ ਮੁੱਖ ਪ੍ਰਬੰਧਕ ਸਤੀਸ਼ ਕੁਮਾਰ ਨੇ ਆਪਣੇ ਨਾਲ ਵਾਪਰੀਆਂ ਘਟਨਾਵਾਂ ਅਤੇ ਆਪਣੀ ਪੀੜਾ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਉਹਨਾਂ ਗੈਂਗਸਟਰਾਂ ਵੱਲੋਂ ਉਹਨਾਂ ਦੇ ਮੋਬਾਈਲ ਫੋਨ ਉਪਰ ਭੇਜੇ ਧਮਕੀ ਸੰਦੇਸ਼ ਤੇ ਫਿਰੌਤੀ ਦੀ ਪੂਰਤੀ ਲਈ ਜਾਨੋਂ ਮਾਰਨ ਦੀਆਂ ਧਮਕੀਆਂ ਦੇ ਮੈਸਿਜ ਵੱਡੀ ਸਕਰੀਨ ਉਪਰ ਦਿਖਾਏ। ਸਰੀ ਨਿਊਟਨ ਦੇ ਮੈਂਬਰ ਪਾਰਲੀਮੈਂਟ ਸੁੱਖ ਧਾਲੀਵਾਲ, ਸਰੀ ਫਲੀਟਵੁੱਡ ਤੋਂ ਮੈਂਬਰ ਪਾਰਲੀਮੈਂਟ ਗੁਰਬਖਸ਼ ਸੈਣੀ ਤੇ ਸਰੀ ਕਲੋਵਰਡੇਲ ਤੋਂ ਮੈਂਬਰ ਪਾਰਲੀਮੈਂਟ ਟਮੈਰ ਜੈਨਸਨ ਨੇ ਵੀ ਆਪਣੇ ਵਿਚਾਰ ਰੱਖੇ। ਸਰੀ ਦੀ ਮੇਅਰ ਬਰੈਂਡਾ ਲੌਕ ਨੇ ਸ਼ਹਿਰੀਆਂ ਦੀ ਸੁਰੱਖਿਆ ਦੇ ਬਣੇ ਨਾਜ਼ਕ ਹਾਲਾਤ ਤੇ ਚਿੰਤਾ ਪ੍ਰਗਟ ਕੀਤੀ। ਉਹਨਾਂ ਸਪੱਸ਼ਟ ਕਿਹਾ ਕਿ ਸਰੀ ਪੁਲਿਸ ਕੇਵਲ ਤਜੁਰਬੇ ਲਈ ਨਹੀਂ ਹੈ। ਉਹਨਾਂ ਕਿਹਾ ਕਿ ਲੋਕਾਂ ਨੇ ਜੋ ਉਮੀਦਾਂ ਰੱਖੀਆਂ ਸਨ, ਅਸੀ ਲੋਕਾਂ ਨੂੰ ਉਹ ਸੁਰੱਖਿਆ ਤੇ ਵਿਸ਼ਵਾਸ ਮੁਹੱਈਆ ਨਹੀ ਕਰਵਾ ਸਕੇ। ਵਿਰੋਧੀ ਧਿਰ ਬੀਸੀ ਕੰਸਰਵੇਟਿਵ ਆਗੂ ਜੌਨ ਰਸਟੈਡ ਨੇ ਸੂਬੇ ਵਿਚ ਅਮਨ ਕਨੂੰਨ ਦੀ ਤਰਸਯੋਗ ਹਾਲਤ 'ਤੇ ਚਿੰਤਾ ਪ੍ਰਗਟ ਕੀਤੀ।

ਪੱਤਰਕਾਰਾਂ ਤੇ ਕੁਝ ਕਾਰੋਬਾਰੀਆਂ ਵਲੋਂ ਅਧਿਕਾਰੀਆਂ ਨੂੰ ਸਵਾਲ ਵੀ ਕੀਤੇ ਜਿਹਨਾਂ ਦੇ ਜਵਾਬ ਕੇਵਲ ਰਵਾਇਤੀ ਹੀ ਸਨ। ਤਾਜ਼ਾ ਘਟਨਾਵਾਂ ਜਾਂ ਇਕ ਕਾਰੋਬਾਰੀ ਦੇ ਕਤਲ ਸਬੰਧੀ ਕੋਈ ਗ੍ਰਿਫਤਾਰੀ ਜਾਂ ਅਪਰਾਧੀਆਂ ਖਿਲਾਫ ਕਾਰਵਾਈ ਬਾਰੇ ਪੁਲਿਸ ਅਧਿਕਾਰੀਆਂ ਨੇ ਕੁਝ ਵੀ ਸਪੱਸ਼ਟ ਜਾਂ ਠੋਸ ਉਤਰ ਨਹੀ ਦਿੱਤਾ। ਇਸ ਮੌਕੇ ਕੈਬਨਿਟ ਮਨਿਸਟਰ ਜਗਰੂਪ ਸਿੰਘ ਬਰਾੜ, ਐਮਐਲਏ ਜੈਸੀ ਸੁੰਨੜ, ਆਮਨਾ ਸ਼ਾਹ, ਕੰਸਰਵੇਟਿਵ ਐਮਐਲਏ ਮਨਦੀਪ ਧਾਂਲੀਵਾਲ, ਮਨਦੀਪ ਧਾਲੀਵਾਲ ਤੇ ਸਟੀਵ ਕੂਨਰ, ਕੌਂਸਲਰ ਲਿੰਡਾ ਐਨਿਸ, ਕੌਂਸਲਰ ਰੌਬ ਸਟੱਟ, ਸਾਬਕਾ ਮੇਅਰ ਲਿੰਡਾ ਹੈਪਨਰ ਤੇ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਅਤੇ ਕਾਰੋਬਾਰੀ ਹਾਜ਼ਰ ਸਨ।

## ਡਾ.ਅਨਿਲ ਬਹਿਲ ਦਾ ਗਜ਼ਲ ਸੰਗ੍ਰਹਿ ਲੋਕ ਅਰਪਣ

ਵਰਲਡ ਪੰਜਾਬੀ ਟਾਈਮਜ਼ ਅੰਜੂ ਅਮਨਦੀਪ ਗਰੋਵਰ

ਚੰਡੀਗੜ੍ਹ, 19 ਜੂਨ : ਸਾਹਿਤ ਵਿਗਿਆਨ ਕੇਂਦਰ ਚੰਡੀਗੜ੍ਹ ਦੀ ਵਿਸ਼ੇਸ਼ ਇਕੱਤਰਤਾ ਪੰਜਾਬ ਕਲਾ ਭਵਨ ਚੰਡੀਗੜ੍ਹ ਵਿਖੇ ਹੋਈ। ਜਿਸ ਵਿਚ ਡਾ. ਅਨਿਲ ਬਹਿਲ ਦਾ ਗਜ਼ਲ ਸੰਗ੍ਰਹਿ " ਕੂੰਜਾਂ ਦੀ ਉਡਾਣ" ਲੋਕ ਅਰਪਣ ਕੀਤਾ ਗਿਆ। ਸ਼ੁਰੂ ਵਿਚ ਅਹਿਮਦਾਬਾਦ ਹਵਾਈ ਹਾਦਸੇ ਵਿਚ ਜਾਨ ਗੁਆਉਣ ਵਾਲਿਆਂ ਨੂੰ ਦੋ ਮਿੰਟ ਮੋਨ ਧਾਰ ਕੇ ਸ਼ਰਧਾਂਜਲੀ ਭੇਂਟ ਕੀਤੀ ਗਈ। ਪ੍ਰਸਿੱਧ ਗਜ਼ਲ-ਗੋ ਗੁਰਦਿਆਲ ਰੌਸ਼ਨ ਮੁੱਖ ਮਹਿਮਾਨ ਦੇ ਤੌਰ ਤੇ ਸ਼ਾਮਲ ਹੋਏ। ਪ੍ਰਧਾਨਗੀ ਮੰਡਲ ਵਿਚ ਕੇਂਦਰ ਦੇ ਕਾਰਜਕਾਰੀ ਪ੍ਰਧਾਨ



ਪਰਮਜੀਤ ਕੌਰ ਪਰਮ, ਪ੍ਰਧਾਨ ਗੁਰਦਰਸ਼ਨ ਸਿੰਘ ਮਾਵੀ, ਮੁੱਖ ਸਲਾਹਕਾਰ ਡਾ.ਅਵਤਾਰ ਸਿੰਘ ਪਤੰਗ ਅਤੇ ਲੇਖਕ ਡਾ. ਅਨਿਲ ਬਹਿਲ ਸ਼ਾਮਲ ਸਨ। ਪ੍ਰੋਗਰਾਮ ਦੀ ਸ਼ੁਰੂਆਤ ਵਿਚ ਪਰਮ ਵਲੋਂ ਸਵਾਗਤੀ ਸ਼ਬਦ ਕਹੇ ਗਏ ਅਤੇ ਪ੍ਰੋਗਰਾਮ ਬਾਰੇ ਦੱਸਿਆ। ਪ੍ਰਦੀਪ ਕੁਮਾਰ ਵਲੋਂ ਇਸ ਕਿਤਾਬ ਵਿਚੋਂ ਗਜ਼ਲ ਨੂੰ ਤਰੰਨਮ ਵਿਚ ਪੇਸ਼ ਕੀਤਾ ਗਿਆ। ਪ੍ਰਧਾਨਗੀ ਮੰਡਲ ਨੇ ਕਿਤਾਬ ਨੂੰ ਲੋਕ-ਅਰਪਣ ਕੀਤਾ। ਨਰਿੰਦਰ ਕੌਰ ਲੌਂਗੀਆ, ਭਰਪੂਰ ਸਿੰਘ, ਦਵਿੰਦਰ ਕੌਰ ਢਿਲੋਂ, ਪਰਲਾਦ ਸਿੰਘ, ਨੇ ਕਿਤਾਬ ਵਿਚੋਂ ਗਜ਼ਲਾਂ ਸੁਣਾਈਆਂ। ਡਾ.ਅਵਤਾਰ ਸਿੰਘ ਪਤੰਗ ਨੇ ਕਿਹਾ ਕਿ ਗਜ਼ਲ ਅਰਬੀ,ਫਾਰਸੀ,ਉਰਦੂ ਜ਼ੁਬਾਨਾਂ ਵਿਚੋਂ ਹੁੰਦੀ ਹੋਈ ਪੰਜਾਬੀ ਜ਼ੁਬਾਨ ਵਿਚ ਪ੍ਰਫੁਲਿਤ ਹੋਈ ਹੈ। ਲੇਖਕ ਨੇ ਮਿਹਨਤ ਨਾਲ ਗਜ਼ਲ ਲਿਖਣੀ ਸਿੱਖੀ ਹੈ ਅਤੇ ਵਧੀਆ ਗਜ਼ਲਾਂ ਲਿਖੀਆਂ ਹਨ। ਪਾਲ ਅਜਨਬੀ,ਗੁਰਦਰਸ਼ਨ ਸਿੰਘ ਮਾਵੀ, ਪਰਮਜੀਤ ਪਰਮ ਨੇ ਵੀ ਕਿਤਾਬ ਬਾਰੇ ਵਿਚਾਰ ਪ੍ਰਗਟ ਕੀਤੇ। ਲੇਖਕ ਡਾ. ਅਨਿਲ ਬਹਿਲ ਨੇ ਦੱਸਿਆ ਕਿ ਉਸ ਨੂੰ ਚੰਗੇ ਉਸਤਾਦਾਂ ਨੇ ਵਧੀਆ ਗਜ਼ਲ ਲਿਖਣੀ ਸਿਖਾਈ। ਪੰਜਾਬੀ ਵਿਚ ਗਜ਼ਲ ਲਿਖਣੀ ਕੁਝ ਔਖੀ ਹੈ ਪਰ ਸਿਰੀ ਰਾਮ ਅਰਸ਼,ਗੁਰਦਿਆਲ ਰੌਸ਼ਨ ਦੀ ਰਹਿਨੁਮਾਈ ਵਿਚ ਇਹ ਸੌਖਾ ਲੱਗਿਆ। ਮਨਜੀਤ ਕੌਰ ਮੋਹਾਲੀ, ਤਰਸੇਮ ਰਾਜ, ਰਤਨ ਬਾਬਕਵਾਲਾ,ਲਾਭ ਸਿੰਘ ਲਹਿਲੀ,ਬਲਵਿੰਦਰ ਢਿਲੋਂ,ਰਜਿੰਦਰ ਸਿੰਘ,ਹਰਜੀਤ ਸਿੰਘ, ਸਰਬਜੀਤ ਸਿੰਘ, ਪਰਮ,ਨੇ ਆਪਣੀਆਂ ਪਸੰਦੀਦਾ ਰਚਨਾਵਾਂ ਸੁਣਾਈਆਂ।ਗੁਰਦਰਸ਼ਨ ਸਿੰਘ ਮਾਵੀ ਨੇ ਆਸਟ੍ਰੇਲੀਆ ਦੀ ਫੇਰੀ ਦੇ ਆਪਣੇ ਮਿੱਠੇ ਅਨੁਭਵ ਸਾਂਝੇ ਕੀਤੇ। ਗੁਰਦਿਆਲ ਰੌਸ਼ਨ ਨੇ ਗਜ਼ਲਾਂ ਨੂੰ ਮਾਪ ਦੰਡ ਉਤੇ ਖਰੀਆਂ ਉਤਰਨ ਵਾਲੀਆਂ ਦੱਸਿਆ। ਉਹਨਾ ਕਿਹਾ ਕਿ ਨਦੀ ਦੀ ਡੂੰਘਾਈ ਤੋਂ ਅੱਗੇ ਸਮੁੰਦਰ ਵਾਂਗ ਬਣਨ ਦੀ ਕੋਸ਼ਿਸ਼ ਕਰੋ।ਉਹਨਾਂ ਆਪਣੀਆਂ ਦੋ ਗਜਲਾਂ ਸੁਣਾਈਆਂ। ਡਾ.ਪਤੰਗ ਨੇ ਸਭ ਦਾ ਧੰਨਵਾਦ ਕੀਤਾ।ਇਸ ਮੌਕੇ ਜੋਗਿੰਦਰ ਸਿੰਘ ਜੱਗਾ,ਭਾਰਤੀ ਪੁਰੀ, ਲੋਕੇਸ਼ ਪੁਰੀ,ਧੰਨਜੇ ਪੁਰੀ,ਆਯੋਜਤ ਪੁਰੀ,ਅਮਨਦੀਪ ਕੌਰ,ਸੁਭਾਸ਼ ਚੰਦਰ, ਡਾ.ਕਿਰਨ ਬਹਿਲ ਹਾਜਰ ਸਨ।

ਵਰਲਡ ਪੰਜਾਬੀ ਟਾਈਮਜ਼ 19 ਜੂਨ 2025 ਦਿਨ ਵੀਰਵਾਰ

## ਬਾਦਸ਼ਾਹ

ਵਰਲਡ ਪੰਜਾਬੀ ਟਾਈਮਜ਼
ਪ੍ਰੋ. ਨਵ ਸੰਗੀਤ ਸਿੰਘ

ਕਿਸੇ ਦੇ ਅੱਗੇ ਹੱਥ ਨਾ ਅੱਡਦੇ।
ਬਸ ਇੱਕ ਸੱਚੇ ਰੱਬ ਤੋਂ ਡਰਦੇ।
ਰਹਿੰਦੇ ਸਭ ਤੋਂ ਬੇਪ੍ਰਵਾਹ।
ਅਸਲ ਹੁੰਦੇ ਓਹੀ ਬਾਦਸ਼ਾਹ।

ਤਨ-ਮਨ ਲਾ ਕੇ ਕੰਮ ਕਰਨ ਜੋ।
ਦੁੱਕੀ-ਤਿੱਕੀ ਤੋਂ ਨਾ ਡਰਨ ਜੋ।
ਚੰਗੇ ਬੰਦੇ ਤੋਂ ਲੈਣ ਸਲਾਹ।
ਅਸਲ ਹੁੰਦੇ ਓਹੀ ਬਾਦਸ਼ਾਹ।

ਚੋਰੀ-ਯਾਰੀ ਤੋਂ ਰਹਿੰਦੇ ਦੂਰ।
ਕੰਮ ਦੇ ਵਿੱਚ ਰਹਿੰਦੇ ਮਗ਼ਰੂਰ।
ਸਾਫ਼-ਸਪਸ਼ਟ ਉਹ ਰੱਖਣ ਨਿਗਾਹ।
ਅਸਲ ਹੁੰਦੇ ਓਹੀ ਬਾਦਸ਼ਾਹ।

ਝੂਠ-ਫ਼ਰੇਬ ਤੋਂ ਪਰੇ ਜੋ ਰਹਿੰਦੇ।
ਨਸ਼ੇਖੋਰਾਂ ਦੇ ਕੋਲ ਨਾ ਬਹਿੰਦੇ।
ਕਦੇ ਨਾ ਝੂਠੇ ਬਣਨ ਗਵਾਹ।
ਅਸਲ ਹੁੰਦੇ ਓਹੀ ਬਾਦਸ਼ਾਹ।

ਕਰਨੀ ਕਿਰਤ ਤੇ ਵੰਡ ਕੇ ਛਕਣਾ।
ਸੱਚੇ ਬੰਦੇ ਦੇ ਹੱਕ 'ਚ ਡਟਣਾ।
ਝੂਠੇ ਦੇ ਸਿਰ ਪਾਉਣ ਸੁਆਹ।
ਅਸਲ ਹੁੰਦੇ ਓਹੀ ਬਾਦਸ਼ਾਹ।

## || ਅੱਲ੍ਹੜ ਉਮਰ ||

ਸੁਣੋਂ ਅੱਲ੍ਹੜ ਉਮਰ ਬੇ-ਲਗਾਮ ਹੁੰਦੀ ਏ।
ਸਹੀ ਗਲਤ ਤੋਂ ਇਹ ਅਨਜਾਣ ਹੁੰਦੀ ਏ।।




ਪਲ ਝਪਕਦੇ ਹੀ ਅੱਖਾਂ ਲੜਾਂ ਲੈਂਦੀ ਏ।
ਬਿਨ੍ਹਾਂ ਸੋਚੇ ਸਮਝੇ ਕਦਮ ਵਧਾ ਲੈਂਦੀ ਏ।।

ਖੁੱਦ ਦੇ ਪੈਰ ਤੇ ਕੁਹਾੜੀ ਮਾਰ ਲੈਂਦੀ ਏ।
ਭੇਤ ਦਿਲ ਆਪਣੇ ਦਾ ਸੁਣਾ ਦਿੰਦੀ ਏ।।

ਦਿਲ ਦੀ ਹਰ ਗੱਲ ਨੂੰ ਮੰਨ ਲੈਂਦੀ ਏ।
ਦਿਮਾਗ ਨੂੰ ਗੁੰਮਰਾਹ ਕਰ ਦਿੰਦੀ ਏ।।

ਮਾਪਿਆਂ ਤੋਂ ਕੰਨਾਂ ਭੇਟੀ ਮਾਰ ਲੈਂਦੀ ਏ।
ਮਾੜੀ ਸੋਚ ਨੂੰ ਇਹ ਉਤਸਾਹ ਦਿੰਦੀ ਏ।।

ਸੂਦ ਵਿਰਕ ਦੀ ਕਲਮ ਕੀ ਕਹਿੰਦੀ ਏ।
ਮਾਂ ਬਾਪ ਨੂੰ ਇੱਕ ਨੇਕ ਸਲਾਹ ਦਿੰਦੀ ਏ।।

ਜੇ ਮਾਂ ਅੱਲ੍ਹੜ ਧੀ ਨੂੰ ਸਹੇਲੀ ਬਣਾ ਲਵੇ।
ਖੁੱਦ ਦੀ ਧੀ ਨੂੰ ਏਸ ਉਮਰੇਂ ਸੰਭਾਲ ਲਵੇ।।

ਜੇ ਬਾਪ ਅੱਲ੍ਹੜ ਪੁੱਤ ਨੂੰ ਯਾਰ ਬਣਾ ਲਵੇ।
ਖੁੱਦ ਦੇ ਪੁੱਤ ਨੂੰ ਕੁਰਾਹੇ ਪੈਣ ਤੋਂ ਬਚਾ ਲਵੇ।।

ਸੂਦ ਵਿਰਕ ਕਹੇ ਮਾਂ ਬਾਪ ਜੇ ਠਾਣ ਲਵੇ।
ਏਸ ਅੱਲ੍ਹੜ ਉਮਰ ਦੇ ਕੰਨੀਂ ਹੱਥ ਲਵਾ ਦਵੇ।।

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸੂਦ ਵਿਰਕ

## ਸ਼ੁਰੂ ਹੋਈ ਪੰਜਾਬੀ ਫਿਲਮ 'ਖੜਕ ਸਿੰਘ ਚੌਹਾਨ" ਦੀ ਸ਼ੂਟਿੰਗ, ਮਨਜੋਤ ਸਿੰਘ ਕਰਨਗੇ ਨਿਰਦੇਸ਼ਨ

ਵਰਲਡ ਪੰਜਾਬੀ ਟਾਈਮਜ਼
ਮੰਗਤ ਗਰਗ

ਅਖ਼ਤਿਆਰ ਕਰ ਰਹੇ ਮੌਜੂਦਾ ਮੁਹਾਂਦਰੇ ਨੂੰ ਹੋਰ ਗੂੜੇ ਨਕਸ਼ ਦੇਣ ਜਾ ਰਹੀ ਅੱਜ ਸ਼ੁਰੂ ਹੋਈ ਇੱਕ ਹੋਰ ਅਰਥ-ਭਰਪੂਰ ਫਿਲਮ 'ਖੜਕ ਸਿੰਘ ਚੌਹਾਨ', ਜਿਸ ਨੂੰ ਨੌਜਵਾਨ ਅਤੇ ਪ੍ਰਤਿਭਾਵਾਨ ਨਿਰਦੇਸ਼ਕ ਮਨਜੋਤ ਸਿੰਘ ਨਿਰਦੇਸ਼ਿਤ ਕਰਨ ਜਾ ਰਹੇ ਹਨ, ਜੋ ਇਸ ਤੋਂ ਪਹਿਲਾਂ ਕਈ ਪ੍ਰਭਾਵਪੂਰਨ ਅਤੇ ਬਹੁ-ਚਰਚਿਤ ਪੰਜਾਬੀ ਫਿਲਮਾਂ ਨਾਲ ਵੀ ਜੁੜੇ ਰਹੇ ਹਨ । ਇਸ ਪ੍ਰਭਾਵਪੂਰਨ ਫ਼ਿਲਮ ਦਾ ਨਿਰਮਾਣ ਮਨਮੋਹਨ ਸਿੰਘ ਕਰ ਰਹੇ ਹਨ।

ਮੇਨ ਸਟ੍ਰੀਮ ਫ਼ਿਲਮੀ ਸਾਂਚੇ ਤੋਂ ਅਲੱਗ ਹੱਟ ਕੇ ਬਣਾਈ ਜਾ ਰਹੀ ਇਸ ਫ਼ਿਲਮ ਦੇ ਗੀਤਕਾਰੀ ਪੱਖ ਦਲਜੀਤ ਸਿੰਘ ਅਰੋੜਾ ਸੰਭਾਲਣਗੇ। ਇਨ੍ਹਾਂ ਤੋਂ ਇਲਾਵਾ ਇਸ ਅਹਿਮ ਪ੍ਰਾਜੈਕਟ ਨੂੰ ਪ੍ਰਭਾਵੀ ਮੁਹਾਂਦਰਾ ਦੇਣ ਵਿੱਚ ਸਿਨੇਮਾਟੋਗ੍ਰਾਫ਼ਰ ਪਰਮਿੰਦਰ ਸਿੰਘ ਵੀ ਅਹਿਮ ਭੂਮਿਕਾ ਨਿਭਾਉਣਗੇ। ਪੰਜਾਬ ਦੇ ਇਤਿਹਾਸਕ ਅਤੇ ਧਾਰਮਿਕ ਸ਼ਹਿਰ ਸ਼੍ਰੀ ਅੰਮ੍ਰਿਤਸਰ ਅਤੇ ਇਸ ਦੇ ਲਾਗਲੇ ਇਲਾਕਿਆ ਵਿੱਚ ਫਿਲਮਾਂਈ ਜਾਣ ਵਾਲੀ ਇਸ ਫ਼ਿਲਮ ਦੇ ਮਹੂਰਤ ਦੌਰਾਨ ਸੁਭਕਾਮਨਾਵਾਂ ਦੇਣ ਵਾਲਿਆ ਵਿੱਚ ਮਸ਼ਹੂਰ ਨਾਟਕਕਾਰ ਕੇਵਲ ਧਾਲੀਵਾਲ, ਜਗਦੀਸ਼ ਸਚਦੇਵਾ , ਨਿਰਦੇਸ਼ਕ ਨਵਤੇਜ ਸੰਧੂ, ਅਦਾਕਾਰ ਸੁਦੇਸ਼ ਵਿੰਕਲ ਅਤੇ ਲਾਈਨ ਨਿਰਮਾਤਾ ਗੁਰ ਰੰਧਾਵਾ ਵੀ ਸ਼ਾਮਲ ਹਨ। ਅਮ੍ਰਿਤਸਰ ਸਾਹਿਬ ਨਾਲ ਹੀ ਸੰਬੰਧਤ ਰੱਖਦੇ ਇਹ ਹੋਣਹਾਰ ਅਦਾਕਾਰ, ਲੇਖਕ ਅਤੇ ਨਿਰਦੇਸ਼ਕ ਆਪਣੇ ਉਕਤ ਫਿਲਮ ਪ੍ਰੋਜੈਕਟ ਨੂੰ ਲੈ ਕੇ ਖਾਸੇ ਉਤਸ਼ਾਹਿਤ ਨਜ਼ਰ ਆ ਰਹੇ ਹਨ, ਜਿੰਨ੍ਹਾਂ ਅਨੁਸਾਰ ਸਮਾਜਿਕ ਸਰੋਕਾਰਾਂ ਦੀ ਤਰਜ਼ਮਾਨੀ ਕਰਦੀ ਅਤੇ ਲੋਕ ਮੁੱਦਿਆਂ ਨੂੰ ਉਜਾਗਰ ਕਰਦੀ ਇਹ ਫਿਲਮ ਬਹੁਤ ਹੀ ਦਿਲ-ਟੁੰਬਵੇਂ ਵਿਸ਼ੇ ਅਧਾਰਿਤ ਹੈ, ਜਿਸ ਵਿੱਚ ਮੰਝੇ ਹੋਏ ਸਿਨੇਮਾ ਚਿਹਰਿਆਂ ਦੇ ਨਾਲ-ਨਾਲ ਉਭਰਦੇ ਪ੍ਰਤਿਭਾਵਾਨ ਕਲਾਕਾਰਾਂ ਨੂੰ ਵਿਸ਼ੇਸ਼ ਤੌਰ ਉਤੇ ਸ਼ਾਮਿਲ ਕੀਤਾ ਗਿਆ ਹੈ।



ਪਿਛਲੇ ਸਾਲ ਹਾਲ ਹੀ ਦੇ ਦਿਨਾਂ ਵਿੱਚ ਰਿਲੀਜ਼ ਹੋਈ ਖੂਬਸੂਰਤ ਪੰਜਾਬੀ ਫਿਲਮ 'ਜੱਟੂ ਨਿਖੱਟੂ' ਨੂੰ ਲੈ ਕੇ ਵੀ ਖਾਸੀ ਸਲਾਹੁਤਾ ਹਾਸਿਲ ਕਰ ਚੁੱਕੇ ਹਨ ਲੇਖਕ ਅਤੇ ਨਿਰਦੇਸ਼ਕ ਮਨਜੋਤ ਸਿੰਘ, ਜੋ ਪਾਲੀਵੁੱਡ ਵਿੱਚ ਮਜ਼ਬੂਤ ਪੈੜ੍ਹਾਂ ਸਿਰਜਣ ਤੋਂ ਬਾਅਦ ਅੱਜਕੱਲ੍ਹ ਮੁੰਬਈ ਗਲਿਆਰਿਆਂ ਵਿੱਚ ਵੀ ਚੌਖੀ ਭੱਲ ਸਥਾਪਿਤ ਕਰਦੇ ਜਾ ਰਹੇ ਹਨ।

ਪੰਜਾਬੀ ਫਿਲਮ ਉਦਯੋਗ ਦੇ ਚਿਹਰੇ ਨੂੰ ਨਿਵੇਕਲੇ ਰੰਗ ਦੇਣ ਵਿੱਚ ਲਗਾਤਾਰ ਮੋਹਰੀ ਯੋਗਦਾਨ ਪਾ ਰਹੇ ਅਦਾਕਾਰ ਅਤੇ ਨਿਰਦੇਸ਼ਕ ਮਨਜੋਤ ਸਿੰਘ ਅਨੁਸਾਰ ਆਫ ਬੀਟ ਸਿਰਜਨਾਤਮਕ ਸ਼ੈਲੀ ਅਧੀਨ ਵਜ਼ੂਦ ਵਿੱਚ ਲਿਆਂਦੀ ਜਾ ਰਹੀ ਉਕਤ ਫਿਲਮ ਦਾ ਖਾਸ ਆਕਰਸ਼ਨ ਅਦਾਕਾਰ ਪਰਮਵੀਰ ਸਿੰਘ ਤੇ ਮਨਮੋਹਨ ਸਿੰਘ ਵੀ ਹੋਣਗੇ,

ਓਧਰ ਇਸ ਪ੍ਰੋਜੈਕਟ ਨੂੰ ਲੈ ਕੇ ਗੱਲਬਾਤ ਕਰਦਿਆ ਨਿਰਦੇਸ਼ਕ ਮਨਜੋਤ ਸਿੰਘ ਨੇ ਦੱਸਿਆ ਕਿ ਉਨ੍ਹਾਂ ਦੇ ਇਸ ਖਾਸ ਫ਼ਿਲਮ ਪ੍ਰੋਜੋਕਟ ਦਾ ਐਲਾਨ ਕਾਫ਼ੀ ਸਮਾ ਪਹਿਲਾ ਕੀਤਾ ਗਿਆ ਸੀ ਪਰ ਕੁਝ ਤਕਨੀਕੀ ਕਾਰਨਾਂ ਦੇ ਚਲਦਿਆ ਇਸ ਨੂੰ ਸ਼ੁਰੂ ਕਰਨ ਵਿੱਚ ਦੇਰੀ ਹੋ ਗਈ ਪਰ ਹੁਣ ਇਸ ਫ਼ਿਲਮ ਨੂੰ ਸਟਾਰਟ-ਟੂ-ਫਿਨਿਸ਼ ਸ਼ੂਟਿੰਗ ਸ਼ਡਿਊਲ ਅਧੀਨ ਪੂਰਾ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬੀ ਸਿਨੇਮਾਂ ਅਤੇ ਥੀਏਟਰ ਜਗਤ ਨਾਲ ਜੁੜੇ ਕਈ ਮੰਝੇ ਹੋਏ ਕਲਾਕਾਰ ਲੀਡਿੰਗ ਭੂਮਿਕਾਵਾਂ ਅਦਾ ਕਰ ਰਹੇ ਹਨ।

## ਮੇਰਾ ਵੀਰਾਂ*

ਬੱਬਰ ਸ਼ੇਰਾਂ ਵਰਗੀ ਦਹਾੜ ਸੀ ਮੇਰੇ ਵੀਰੇ ਦੀ।
ਵੈਰੀਆਂ ਨੂੰ ਕੰਬਣੀ ਛੇੜ ਜਾਂਦੀ।
ਉਸ ਦੀ ਇਕ ਬੜਕ ਤੇ ਵੈਰੀ
ਮੈਦਾਨ ਛੋੜ ਕੇ ਭੱਜਦੇ।
ਇਕ ਯੋਧੇ ਵਾਂਗ ਲਲਕਾਰ ਸੀ
ਦਸਮੇਸ਼ ਪਿਤਾ ਦਾ ਸਿਰ ਤੇ ਹੱਥ ਸੀ।
ਤਾਂ ਹੀ ਸਿੱਖ ਕੌਮ ਵਿਚ ਚੰਗਾ ਨਾਮ ਸੀ।
ਸਿੱਖ ਕੌਮ ਦਾ ਹਰਮਨ ਪਿਆਰਾ ਸੀ।
ਆਪਣੀ ਅਣਖ ਨਾਲ ਜਿਉਂਦਾ ਰਿਹਾ।
ਮੌਤ ਨਾਲ ਤੇ ਮਖੌਲ ਕਰਦਾ ਸੀ
ਵੈਰੀ ਸਲਾਮਾਂ ਬੋਲ ਕੇ ਨਿਕਲਦੇ ਸੀ।
ਤਕਦੀਰ ਦੀ ਗੱਲ ਕੀ ਦਸਾਂ
ਧੋਖਾ ਦੇ ਕੇ ਆਪ ਨਿਕਲ ਗਿਆ ਸਵਰਗਾਂ ਨੂੰ।
ਸਾਰੇ ਵਪਾਰੀ ਵੀ ਇਸ ਦਾ ਲੋਹਾ ਮੰਨਦੇ ਸੀ।
ਇਕ ਵਾਰੀ ਜੋਂ ਕੰਮ ਦਾ ਬੀੜਾ ਚੁਕਿਆ ਪੂਰਾ ਕਰਕੇ ਹੀ ਦਮ ਦਿਤਾ।
ਕਿਸੇ ਨੇ ਵੀ ਸੋਚਿਆ ਨਹੀਂ ਸੀ
ਇਸ ਤਰ੍ਹਾਂ ਸਾਨੂੰ ਰੋਂਦਿਆਂ ਛੋੜ ਕੇ ਚਲਾ ਜਾਏਗਾ।
ਹੇ ਵਾਹਿਗੁਰੂ ਜੀ ਰਾਜਿੰਦਰ ਸਿੰਘ ਥਾਪਰ ਜੀ ਨੂੰ ਆਪਣੇ ਚਰਣਾਂ ਵਿਚ ਨਿਵਾਸ ਬਖਸ਼ੇ।




ਵਰਲਡ ਪੰਜਾਬੀ ਟਾਈਮਜ਼
ਸੁਰਜੀਤ ਸਾਰੰਗ

## ਨੇਕੀ ਦੀ ਰਾਹ ਤੇ ਚੱਲ ਓ ਬੰਦਿਆ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਸਿੰਘ ਮਾਨ

ਨੇਕੀ ਦੀ ਰਾਹ ਤੇ ਚੱਲ ਓ ਬੰਦਿਆ,
ਖੌਰੇ ਕੀ ਹੋ ਜਾਣਾ ਅਗਲੇ ਪਲ ਓ ਬੰਦਿਆ।

ਲੜਾਈ, ਝਗੜੇ ਵਿੱਚ ਕੁਝ ਨਹੀਂ ਰੱਖਿਆ,
ਗੱਲਬਾਤ ਕਰਕੇ ਕਰ ਮਸਲੇ ਹੱਲ ਓ ਬੰਦਿਆ।

ਜਿਸ ਨੂੰ ਪੜ੍ਹ ਕੇ ਉਸ ਦਾ ਦਿਲ ਤੰਗ ਨਾ ਹੋਵੇ,
ਸੱਜਣ ਵੱਲ ਇਹੋ ਜਿਹਾ ਸੁਨੇਹਾ ਘੱਲ ਓ ਬੰਦਿਆ।

ਮਾਇਆ ਕਿਸੇ ਦੇ ਨਾਲ ਜਾਂਦੀ ਨਹੀਂ ਵੇਖੀ,
ਇਹ ਕੱਠੀ ਨਾ ਕਰ ਕਰਕੇ ਛੱਲ ਓ ਬੰਦਿਆ।

ਐਵੇਂ ਕਿਸੇ ਦੀ ਨਿੰਦਿਆ, ਚੁਗਲੀ ਕਰਕੇ,
ਆਪਣੇ ਮੂੰਹ ਤੇ ਕਾਲਖ ਨਾ ਮਲ ਓ ਬੰਦਿਆ।

ਦਸਾਂ ਨਹੁੰਆਂ ਦੀ ਕਿਰਤ ਕਰਕੇ ਰੋਟੀ ਖਾਹ,
ਕੋਈ ਕਰੇ ਨਾ ਉਂਗਲ ਤੇਰੇ ਵੱਲ ਓ ਬੰਦਿਆ।

ਤੇਰੇ ਕੀਤੇ ਕੰਮਾਂ ਦੀਆਂ ਲੋਕ ਗੱਲਾਂ ਕਰਨਗੇ,
ਜਦ ਤੂੰ ਇਸ ਜੱਗ ਚੋਂ ਪਿਆ ਚੱਲ ਓ ਬੰਦਿਆ।

## ਮਕਸਦ

ਵਰਲਡ ਪੰਜਾਬੀ ਟਾਈਮਜ਼
ਅਮਰਜੀਤ ਸਿੰਘ ਸਿੱਧੂ

ਕਿਸੇ ਨਾਲ ਤਾਂ ਯਾਰ ਬਣਾਕੇ ਰੱਖ
ਦਿਲ ਆਪਣੇ ਨੂੰ ਸਮੁਝਾਕੇ ਰੱਖ

ਤੇਰੀ ਇੱਜ਼ਤ ਤੇਰੇ ਹੱਥ ਵਿੱਚ ਹੈ
ਜੁਬਾਨ ਤੇ ਤਾਲ਼ਾ ਲਾਕੇ ਰੱਖ

ਘਰੇ ਤੈਨੂੰ ਹੁਣ ਰਹਿਣ ਨ੍ਹੀ ਦੇਣਾ
ਮੰਜੀ ਬਾਹਰ ਦਰਾਂ ਤੋਂ ਡਾਹਕੇ ਰੱਖ

ਹੱਸਣ ਦੀ ਗੱਲ ਤਾਂ ਦੂਰ ਬੜੀ ਹੈ
ਅੱਥਰੂ ਅੱਖੀਆਂ ਵਿੱਚ ਲੁਕਾਕੇ ਰੱਖ

ਯਕੀਨ ਤੇਰੇ ਤੇ ਰਿਹਾ ਨ੍ਹੀ ਹੁਣ,ਸਿੱਧੂ
ਜਿੰਨੀਆਂ ਮਰਜ਼ੀ ਕਸਮਾ ਖਾਕੇ ਰੱਖ

ਮੀਤੇ ਦਿਲ ਦੀ ਗੱਲ ਕਿਸੇ ਨੂੰ ਦੱਸੀਂ ਨਾ
ਆਪਣੇ ਮਕਸਦ ਤੇ ਨਜ਼ਰ ਟਿਕਾਟੇ ਰੱਖ

ਵੈਰੀ ਤੇਰੀ ਮੌਤ ਤੇ ਦੁੱਖ ਵੰਡਾਵਣਗੇ
ਸੱਥਰ ਵੇਹੜੇ ਵਿੱਚ ਵਿਛਾਕੇ ਰੱਖ

ਯਕੀਨ ਤੇਰੇ ਤੇ ਕਿਸੇ ਨੂੰ ਹੋਣਾਂ ਨੀ ਹੁਣ
ਭਾਵੇਂ ਪਿਆਰ ਦੇ ਦੀਪ ਜਗਾਕੇ ਰੱਖ

ਚੇਹਰਾ ਧੁੰਦਲਾ ਕਦੇ ਸਾਫ਼ ਨੀਂ ਹੋਣਾ
ਭਾਵੇਂ ਘਰ ਦੇ ਸ਼ੀਸ਼ੇ ਨੂੰ ਚਮਕਾਕੇ ਰੱਖ

ਕਿਸੇ ਨਾਲ ਤਾਂ ਯਾਰ ਬਣਾਕੇ ਰੱਖ
ਦਿਲ ਆਪਣੇ ਨੂੰ ਸਮੁਝਾਕੇ ਰੱਖ

## ਖੂਨ ਦਾਨ ਕਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਪ੍ਰਣ ਕਰੀਏ

ਵਰਲਡ ਪੰਜਾਬੀ ਟਾਈਮਜ਼
ਮਹਿੰਦਰ ਪ੍ਰਤਾਪ ਸ਼ੇਰਪੁਰ



ਦੁਨੀਆਂ ਵਿੱਚ ਦਾਨ ਬਹੁਤ ਢੰਗ ਤਰੀਕਿਆਂ ਨਾਲ ਕੀਤਾ ਜਾਂਦਾ ਹੈ ਜਿਨਾਂ ਵਿੱਚੋਂ ਇੱਕ ਇਨਸਾਨ ਵੱਲੋਂ ਦੂਸਰੇ ਇਨਸਾਨ ਨੂੰ ਆਪਣੇ ਸਰੀਰ ਦਾ ਵਿੱਚੋਂ ਖੂਨ ਦਾਨ ਦੇਣ ਨੂੰ ਇੱਕ ਉੱਤਮ ਦਾਨ ਵਜੋਂ ਮੰਨਿਆ ਜਾਂਦਾ ਹੈ । ਇਸ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਅੱਜ ਤੱਕ ਕਿੰਨੀਆਂ ਹੀ ਵਿਗਿਆਨਿਕ ਖੋਜਾਂ ਹੋਈਆਂ ਹਨ ਪਰ ਹਾਲੇ ਤੱਕ ਖੂਨ ਨੂੰ ਕਿਸੇ ਵੀ ਲੈਬ ਵਿੱਚ ਤਿਆਰ ਨਹੀਂ ਕੀਤਾ ਜਾ ਸਕਿਆ। ਇਸੇ ਕਰਕੇ ਖੂਨਦਾਨ ਕਰਨ ਨੂੰ ਇੱਕ ਉੱਤਮ ਦਾਨ" ਵਜੋਂ ਮੰਨਿਆ ਜਾਂਦਾ ਹੈ।ਹਰੇਕ ਸਾਲ 14 ਜੂਨ ਨੂੰ *ਵਿਸ਼ਵ ਖੂਨਦਾਨੀ ਦਿਵਸ ਵਜੋਂ ਪੂਰੇ ਸੰਸਾਰ ਵਿੱਚ ਮਨਾਇਆ ਜਾਂਦਾ ਹੈ ਜਿਹਦਾ ਮਕਸਦ ਵੀ ਆਮ ਲੋਕਾਂ ਵਿੱਚ ਪ੍ਰਚਲਿਤ ਖੂਨਦਾਨ ਪ੍ਰਤੀ ਗਲਤ ਧਾਰਨਾਵਾਂ ਤੋਂ ਜਾਗਰੂਕ ਕਰਨਾ ਅਤੇ ਹਰ ਸਮੇਂ ਖੂਨ ਦਾਨ ਕਰਨ ਲਈ ਤਿਆਰ ਰਹਿਣਾ ਲਈ ਪ੍ਰੇਰਿਤ ਕਰਨਾ ਹੈ।

ਦੁਨੀਆਂ ਵਿੱਚ ਕਿਸੇ ਵੀ ਧਰਮ, ਜਾਤ, ਮਜ਼ਹਬ ਦੇ ਵਿਅਕਤੀ ਦੇ ਖੂਨ ਦਾ ਰੰਗ ਵੀ ਇੱਕ ਹੀ ਹੁੰਦਾ ਹੈ ਇਹ ਵੀ "ਖੂਨ" ਇੱਕ ਵਿਲੱਖਣ ਪਹਿਚਾਣ ਹੈ। ਸੋ ਅੱਜ ਵਿਸ਼ਵ ਖੂਨਦਾਨੀ ਦਿਵਸ ਦੇ ਮੌਕੇ ਤੇ ਸਾਰੇ ਹੀ ਤੰਦਰੁਸਤ ਇਨਸਾਨਾਂ ਨੂੰ ਇਹ ਪ੍ਰਣ ਕਰਨਾ ਚਾਹੀਦਾ ਹੈ ਕਿ ਜਿੰਦਗੀ ਵਿੱਚ ਜਦੋਂ ਵੀ ਮੌਕਾ ਮਿਲੇ ਬਿਨਾਂ ਕਿਸੇ ਝਿਜਕ, ਡਰ,ਵਹਿਮ ਤੋਂ ਖੂਨ ਦਾਨ ਕਰ ਦੇਣਾ ਚਾਹੀਦਾ ਹੈ । ਖੂਨ ਦਾਨ ਕਰਨ ਨਾਲ ਸਰੀਰ ਨੂੰ ਕਿਸੇ ਵੀ ਤਰਾਂ ਦਾ ਕੋਈ ਨੁਕਸਾਨ ਨਹੀਂ ਹੁੰਦਾ ਸਗੋਂ ਇਸ ਨਾਲ ਸਾਨੂੰ ਆਪਣੇ ਅਰੋਗ ਹੋਣ ਦਾ ਵੀ ਪਤਾ ਚਲ ਜਾਂਦਾ ਹੈ ਕਿਉਂਕਿ ਖੂਨ ਲੈਣ ਤੋਂ ਬਾਅਦ ਇਸ ਦੇ ਬਹੁਤ ਸਾਰੇ ਟੈਸਟ ਕੀਤੇ ਜਾਂਦੇ ਹਨ। ਸੋ ਆਓ ਸਾਰੇ ਰਲ ਕੇ ਵਿਸ਼ਵ ਖੂਨਦਾਨੀ ਦਿਵਸ ਦੇ ਮੌਕੇ ਤੇ ਖੂਨ ਦਾਨ ਕਰਨ ਲਈ ਹਮੇਸ਼ਾ ਤਿਆਰ ਰਹਿਣ ਦਾ ਵਾਅਦਾ ਦਾ ਆਪਣੇ ਆਪ ਨਾਲ ਕਰੀਏ।

ਸਰਦੀਆਂ ਵਿੱਚ ਜਿਆਦਾਤਰ ਲੋਕ ਖੂਨਦਾਨ ਕਰਨ ਲਈ ਤਿਆਰ ਰਹਿੰਦੇ ਹਨ ਪਰ ਗਰਮੀ ਵਿੱਚ ਇਸ ਤੋਂ ਗੁਰੇਜ਼ ਕੀਤਾ ਜਾਂਦਾ ਹੈ ਸੋ ਮੇਰੀ ਉਹਨਾਂ ਸਾਰੇ ਹੀ ਖੂਨਦਾਨੀਆਂ ਨੂੰ ਬੇਨਤੀ ਹੈ ਕਿ ਗਰਮੀਆਂ ਵਿੱਚ ਵੀ ਉਸੇ ਤਰ੍ਹਾਂ ਹੀ ਖੂਨਦਾਨ ਕੀਤਾ ਜਾਵੇ ਜਿਸ ਤਰਾਂ ਸਰਦੀਆਂ ਵਿੱਚ ਕਿਉਂਕਿ ਖੂਨ ਦੀ ਜਰੂਰਤ ਹਮੇਸ਼ਾ ਬਣੀ ਹੀ ਰਹਿੰਦੀ ਹੈ ਅਤੇ ਖੂਨਦਾਨ ਕਰਨ ਵਾਲੇ ਦਾਨੀਆਂ ਦੀ ਗਿਣਤੀ ਜਰੂਰਤ ਨਾਲੋਂ ਹਮੇਸ਼ਾ ਘੱਟ ਹੀ ਹੁੰਦੀ ਹੈ।

## ਰਾਜਵੀਰ ਜਵੰਦਾ ਦੇ ਗੀਤ ਜ਼ੋਰ ਨੂੰ ਮਿਲ ਰਿਹੈ ਭਰਵਾਂ ਹੁੰਗਾਰਾ....

ਵਰਲਡ ਪੰਜਾਬੀ ਟਾਈਮਜ਼
ਪ੍ਰੀਤ ਘੱਲ ਕਲਾਂ



ਬੀਤੇ ਦਿਨੀਂ ਰਾਜਵੀਰ ਜਵੰਦਾ ਦੇ ਨਵੇਂ ਆਏ ਗੀਤ "ਜ਼ੋਰ" ਨੂੰ ਸਰੋਤਿਆਂ ਵੱਲੋਂ ਖੂਬ ਕਬੂਲਿਆ ਜਾ ਰਿਹਾ ਹੈ ਇਸ ਗੀਤ ਦੀਆਂ ਸਤਰਾਂ ਬਹੁਤ ਬਾਕਮਾਲ ਹਨ ਗੀਤ ਜੋਸ਼ੀਲਾ ਤੇ ਫਿਲਮਾਂਕਣ ਬਹੁਤ ਹੀ ਸਿਹਤ ਦੇਣ ਵਾਲਾ ਫ਼ਿਲਮਾਇਆ ਗਿਆ ਹੈ ਗੱਲਬਾਤ ਦੌਰਾਨ ਗੀਤ ਦੇ ਰਚੇਤਾ ਉੱਘੇ ਗੀਤਕਾਰ ਖਾਰੇ ਆਲੇ ਗੋਪੀ ਨੇ ਦੱਸਿਆ ਕਿ ਗੀਤ ਦਾ ਮਿਊਜ਼ਿਕ ਪ੍ਰਸਿੱਧ ਮਿਊਜ਼ਿਕ ਡਾਇਰੈਕਟਰ ਹੈਮੀ ਮਾਂਗਟ ਨੇ ਕੀਤਾ ਹੈ ਗੀਤ ਦਾ ਵੀਡੀਓ VIGGFX ਨੇ ਬਹੁਤ ਹੀ ਸੁਚੱਜੇ ਢੰਗ ਨਾਲ ਕੀਤਾ ਹੈ। ਗੋਪੀ ਨੇ ਦੱਸਿਆ ਕਿ ਉਸਦੇ ਲਿਖੇ ਹੋਰ ਕਈ ਗੀਤ ਜ਼ਲਦ ਹੀ ਸਰੋਤਿਆਂ ਨੂੰ ਵੱਖ ਵੱਖ ਕਲਾਕਾਰਾਂ ਦੀ ਅਵਾਜ਼ ਵਿੱਚ ਸੁਣਨ ਨੂੰ ਮਿਲਣਗੇ।

## // ਲਹੂ ਵਿੱਚ ਰੰਗੇ ਸੈਕਿੰਡ //



ਹਾਦਸਾਗ੍ਰਸਤ ਹੈ ਇਕ ਜਹਾਜ ਹੋਇਆ,
ਕੰਬ ਗਈ ਸਭ ਦੀ ਰੂਹ, 'ਪੱਤੋ'।

ਅਜੇ ਉੱਡੇ ਨੂੰ ਕੁਝ ਸੀ ਮਿੰਟ ਹੋਏ,
ਲੰਘਿਆ ਨਹੀਂ ਸੀ ਅਜੇ ਜੂਹ,
'ਪਤੋ'।

ਵਰਲਡ ਪੰਜਾਬੀ ਟਾਈਮਜ਼
ਹਰਪ੍ਰੀਤ ਪੱਤੋ

ਕੀ ਖਰਾਬੀ ਸੀ ਸਮਝੋਂ ਬਾਹਰ ਹੋਈ,
ਮੱਚ ਗਿਆ ਕਰ ਧੂਹ ਧੂਹ, 'ਪਤੋ'।

ਕਿੰਨੇ ਘਰਾਂ ਵਿੱਚ ਸੱਥਰ ਵਿਛਾ ਦਿੱਤੇ,
ਲੋਕੀਂ ਕਰ ਉੱਠੇ ਬੂਹ ਬੂਹ, 'ਪੱਤੋ'।

ਮੌਤੋਂ ਅਣਜਾਣ ਸੀ ਵਿੱਚ ਸਵਾਰ ਜਿਹੜੇ,
ਉੱਡੇ ਆਕਾਸ਼, ਡਿੱਗੇ ਵਿੱਚ ਖੂਹ, 'ਪੱਤੋ'।

ਸਾਰੀ ਲੁਕਾਈ ਨੂੰ ਬੜਾ ਅਫਸੋਸ ਹੋਇਆ,
ਦਿੱਤੇ ਕਾਲਜੇ ਸਭ ਦੇ ਲੂਹ, 'ਪਤੋ'।

ਰੱਬ ਕਰੇ ਅਣਹੋਣੀ ਨਾ ਵਾਪਰੇ ਮੁੜ,
ਅਣਿਆਈ ਮੌਤ ਦੇ ਪਵੇ ਨਾ ਮੂੰਹ, 'ਪੱਤੋ'।